brampton.ca **BRAMPTON Flower City**

**media release**

13 ਦਸੰਬਰ, 2018

## ਬ੍ਰੈਂਪਟਨ ਦੇ 2019 ਕਮਿਉਨਿਟੀ ਗ੍ਰਾਂਟ ਪ੍ਰੋਗਰਾਮ ਲਈ ਅਰਜ਼ੀ ਪ੍ਰਕਿਰਿਆ ਹੁਣ ਸ਼ੁਰੂ ਹੋ ਗਈ ਹੈ

ਬ੍ਰੈਂਪਟਨ, ਓਨਟੈਰੀਓ – ਸਿਟੀ ਆਫ ਬ੍ਰੈਂਪਟਨ (City of Brampton), 2019 ਕਮਿਉਨਿਟੀ ਗ੍ਰਾਂਟ (2019 Community Grant) ਪ੍ਰੋਗਰਾਮ ਰਾਹੀਂ ਸਥਾਨਕ ਭਾਈਚਾਰਕ ਸੰਗਠਨਾਂ ਨੂੰ ਵਿੱਤੀ ਸਹਾਇਤਾ ਪੇਸ਼ ਕਰਦੀ ਹੈ। ਬ੍ਰੈਂਪਟਨ ਦੇ ਉਹਨਾਂ ਗ਼ੈਰ-ਮੁਨਾਫਾ ਸੰਗਠਨਾਂ ਅਤੇ ਰਜਿਸਟਰਡ ਚੈਰਿਟੀਜ (ਦਾਨ ਸੰਸਥਾਵਾਂ) ਨੂੰ 31 ਜਨਵਰੀ, 2019 ਤੋਂ ਪਹਿਲਾਂ ਫੰਡਿੰਗ ਵਾਸਤੇ ਅਰਜ਼ੀ ਦੇਣ ਲਈ ਸੱਦਾ ਦਿੱਤਾ ਜਾਂਦਾ ਹੈ, ਜੋ ਪ੍ਰੋਗਰਾਮ ਦੀਆਂ ਫੰਡਿੰਗ ਸਟ੍ਰੀਮਸ (ਫੰਡਿੰਗ ਸ਼੍ਰੇਣੀਆਂ) ਵਿੱਚ ਆਉਂਦੀਆਂ ਹਨ।

**ਫੰਡਿੰਗ ਸਟ੍ਰੀਮਸ**

- ਤਿਉਹਾਰ ਅਤੇ ਸਮਾਗਮ (ਫੈਸਟੀਵਲਸ ਐਂਡ ਇਵੈਂਟਸ)
- ਕਲਾ ਅਤੇ ਸੱਭਿਆਚਾਰ ਪ੍ਰੋਗਰਾਮ, ਪ੍ਰੋਜੈਕਟ ਅਤੇ ਸਮਰੱਥਾ ਨਿਰਮਾਣ (ਆਰਟਸ ਐਂਡ ਕਲਚਰ ਪ੍ਰੋਗਰਾਮ, ਪ੍ਰੋਜੈਕਟਸ ਐਂਡ ਕੈਪਿਸਿਟੀ ਬਿਲਡਿੰਗ)
- ਮਨੋਰੰਜਨ ਅਤੇ ਸਰਗਰਮ ਜੀਵਨ (ਰੇਕ੍ਰੀਏਸ਼ਨ ਐਂਡ ਐਕਟਿਵ ਲਿਵਿੰਗ)
- ਖੇਡ ਟੂਰਿਜ਼ਮ ਮੇਜ਼ਬਾਨੀ (ਸਪੋਰਟ ਟੂਰਿਜ਼ਮ ਹੋਸਟਿੰਗ)
- ਨੇਬਰਹੁੱਡ ਪਹਿਲਕਦਮੀਆਂ (ਨੇਬਰਹੁੱਡ ਇਨਿਸ਼ੇਟਿਵਸ)
  - ਨੋਟ: *ਨੇਬਰਹੁੱਡ ਪਹਿਲਕਦਮੀਆਂ ਲਈ ਅਰਜ਼ੀ ਵਿੰਡੋ 3 ਜਨਵਰੀ, 2019 ਨੂੰ ਖੁੱਲ੍ਹੇਗੀ। ਅਰਜ਼ੀਆਂ ਦੀ ਸਮੀਖਿਆ ਕੈਲੰਡਰ ਸਾਲ ਦੇ ਖਤਮ ਹੋਣ ਤੱਕ, ਹਰ ਮਹੀਨੇ ਦੇ ਅੰਤ ਵਿੱਚ ਕੀਤੀ ਜਾਏਗੀ ਜਾਂ ਜਦੋਂ ਤੱਕ ਸਾਰੇ ਫੰਡ ਨਹੀਂ ਦਿੱਤੇ ਜਾਂਦੇ।*

ਇੱਛੁਕ ਬਿਨੈਕਾਰ ਕਮਿਉਨਿਟੀ ਗ੍ਰਾਂਟ ਕੋਆਰਡੀਨੇਟਰ (Community Grant Coordinator) ਨੂੰ ਮਿਲ ਕੇ (ਤੈਅ ਮੁਲਾਕਾਤ ਦੁਆਰਾ) ਜਾਂ ਇੱਕ ਜਾਣਕਾਰੀ ਸੈਸ਼ਨ ਵਿੱਚ ਆ ਕੇ ਪ੍ਰੋਗਰਾਮ ਬਾਰੇ ਅਤੇ ਅਰਜ਼ੀ ਦੇਣ ਦੀ ਪ੍ਰਕਿਰਿਆ ਬਾਰੇ ਜਾਣ ਸਕਦੇ ਹਨ। ਇਹ ਜਾਣਕਾਰੀ ਸੈਸ਼ਨ 17 ਦਸੰਬਰ, 2018 ਤੋਂ 24 ਜਨਵਰੀ, 2019 ਤੱਕ ਪੂਰੇ ਬ੍ਰੈਂਪਟਨ ਵਿੱਚ ਸਥਾਨਕ ਰੇਕ੍ਰੀਏਸ਼ਨ ਸੈਂਟਰਾਂ ਵਿਖੇ ਕੀਤੇ ਜਾਣਗੇ। ਸਮਿਆਂ ਅਤੇ ਸਥਾਨਾਂ ਲਈ, www.brampton.ca/communitygrants ਤੇ ਜਾਓ।

ਮੇਅਰ ਪੈਟਰਿਕ ਬ੍ਰਾਉਨ (Patrick Brown) ਨੇ ਕਿਹਾ, "ਬ੍ਰੈਂਪਟਨ ਦੇ ਭਾਈਚਾਰਕ ਸੰਗਠਨ ਸਾਡੀ ਸਿਟੀ ਦੇ ਜੋਸ਼ੀਲੇ ਸੱਭਿਆਚਾਰਕ ਜੀਵਨ ਵਿੱਚ ਬਹੁਤ ਵੱਡਾ ਯੋਗਦਾਨ ਪਾਉਂਦੇ ਹਨ।" ਉਹਨਾਂ ਨੇ ਅੱਗੇ ਕਿਹਾ, "ਕਮਿਉਨਿਟੀ ਗ੍ਰਾਂਟ ਪ੍ਰੋਗਰਾਮ, ਨਿਵਾਸੀਆਂ ਲਈ ਖਾਸ ਕਾਰਜਕਰਮਾਂ ਅਤੇ ਪਹਿਲਕਦਮੀਆਂ ਲਈ ਸਿੱਧਾ ਅਤੇ ਸਪਸ਼ਟ ਸਮਰਥਨ ਮੁਹੱਈਆ ਕਰਦਾ ਹੈ।"

ਸਿਟੀ, ਵਰਕ ਇਨ ਕਲਚਰ (Work in Culture) ਨਾਲ ਮਿਲ ਕੇ ਦੋ ਵਰਕਸ਼ਾਪਾਂ ਦੀ ਮੇਜ਼ਬਾਨ ਕਰੇਗੀ। ਇਹ ਵਰਕਸ਼ਾਪਾਂ ਸਥਾਨਕ ਸੰਗਠਨਾਂ ਨੂੰ ਗ੍ਰਾਂਟ ਲਿਖਣ ਦੇ ਹੁਨਰ ਨੂੰ ਵਿਕਸਿਤ ਕਰਨ ਅਤੇ ਇਹ ਜਾਣਨ ਵਿੱਚ ਮਦਦ ਕਰਨਗੀਆਂ ਕਿ ਫੰਡਿੰਗ ਨੂੰ ਸੁਰੱਖਿਅਤ ਕਿਵੇਂ ਕਰਨਾ ਹੈ:

- ***ਸੀਕ੍ਰੇਟਸ ਟੂ ਸਿਕਿਓਰਿੰਗ ਸਪਾਂਸਰਸ਼ਿਪ (Secrets to Securing Sponsorship)***, ਜੇਸਨ ਮੈਘਾਨੋਵ (Jason Maghanov) ਦੇ ਨਾਲ
  7 ਜਨਵਰੀ, 2019 ਨੂੰ ਸ਼ਾਮ 6-9 ਵਜੇ, ਬ੍ਰੈਂਪਟਨ ਲਾਇਬ੍ਰੇਰੀ, ਸਿਰਿਲ ਕਲਾਰਕ ਬ੍ਰਾਂਚ 20 ਲੋਫਰਸ ਲੇਕ ਲੇਨ, ਬ੍ਰੈਂਪਟਨ, ਓਨਟੈਰੀਓ L6Z 1X9 (Brampton Library, Cyril Clark branch 20 Loafers Lake Lane, Brampton, ON L6Z 1X9)
- ***ਗ੍ਰਾਂਟਸਮੈਨਸ਼ਿਪ 101 (Grantsmanship 101)***, ਡਾਇਨ ਡੇਵੀ (Diane Davy) ਦੇ ਨਾਲ
  12 ਜਨਵਰੀ, 2019 ਨੂੰ ਸਵੇਰੇ 10 ਵਜੇ-ਦੁਪਹਿਰ 1 ਵਜੇ, ਸਿਟੀ ਹਾਲ ਵੈਸਟ ਟਾਵਰ 55 ਜੌਰਜ ਸਟ੍ਰੀਟ ਸਾਊਥ, ਬ੍ਰੈਂਪਟਨ, ਓਨਟੈਰੀਓ L6Y 1L9 (City Hall West Tower 55 George Street South, Brampton, ON L6Y 1L9)

ਥਾਂ ਸੀਮਿਤ ਹੈ ਅਤੇ ਰਜਿਸਟਰੇਸ਼ਨ ਲੋੜੀਂਦੀ ਹੈ। ਵਰਕਸ਼ਾਪ ਲਈ ਰਜਿਸਟਰੇਸ਼ਨ www.brampton.ca/communitygrants ਤੇ ਉਪਲਬਧ ਹੈ।

ਕਮਿਉਨਿਟੀ ਗ੍ਰਾਂਟ ਪ੍ਰੋਗਰਾਮ ਦੀ ਤਰਜੀਹ, ਉਹਨਾਂ ਭਾਈਚਾਰਕ ਗਤੀਵਿਧੀਆਂ ਦਾ ਸਮਰਥਨ ਕਰਨਾ ਹੈ, ਜੋ ਸ਼ਮੂਲੀਅਤ ਅਤੇ ਸਬੰਧਾਂ ਲਈ ਉਤਸ਼ਾਹਿਤ ਕਰਦੇ ਹੋਏ ਅਤੇ ਭਾਈਚਾਰਕ ਸਾਂਝ ਅਤੇ ਸ਼ਹਿਰ ਦੇ ਮਾਣ ਨੂੰ ਵਧਾਉਂਦੇ ਹੋਏ, ਬ੍ਰੈਂਪਟਨ ਦੇ ਵੰਨ-ਸੁਵੰਨੇ ਭਾਈਚਾਰਿਆਂ ਦਾ ਜਸ਼ਨ ਮਨਾਉਣ ਤੇ ਕੇਂਦਰਿਤ ਹਨ। ਫੰਡਿੰਗ ਦੀ ਮਨਜ਼ੂਰੀ ਲਈ ਪ੍ਰਸਤਾਵ, ਫਰਵਰੀ 2019 ਦੇ ਅੰਤ ਵਿੱਚ ਸਿਟੀ ਕਾਉਂਸਿਲ ਦੇ ਸਨਮੁਖ ਪੇਸ਼ ਕੀਤੇ ਜਾਣਗੇ।

-30-

**ਬ੍ਰੈਂਪਟਨ ਵੱਡਾ ਸੋਚ ਰਿਹਾ ਹੈ।** ਅਸੀਂ ਪੂਰੀ ਇਕਾਗਰਤਾ ਦੇ ਨਾਲ ਭਵਿੱਖ ਲਈ ਤਿਆਰ ਸੰਗਠਨ ਹਾਂ। ਅਸੀਂ ਜਾਣਦੇ ਹਾਂ ਕਿ ਸਾਡੇ ਭਾਈਚਾਰੇ ਵਿੱਚ ਵਾਧਾ, ਨੌਜਵਾਨ ਅਤੇ ਵਿਵਿਧਤਾ ਸਾਨੂੰ ਵੱਖਰਾ ਬਣਾਉਂਦੇ ਹਨ। ਨਿਵੇਸ਼ ਨੂੰ ਉਤਸ਼ਾਹਿਤ ਕਰਦੇ ਹੋਏ ਅਤੇ ਆਪਣੀ ਵਿਸ਼ਵ-ਵਿਆਪੀ ਸਫਲਤਾ ਨੂੰ ਅੱਗੇ ਵਧਾਉਂਦੇ ਹੋਏ, ਅਸੀਂ ਕੈਨੇਡਾ ਦੇ ਨਵੀਨਤਾਕਾਰੀ ਸੁਪਰ ਲਾਂਘੇ ਦੇ ਕੇਂਦਰ ਵਿੱਚ ਸਥਿਤ ਹਾਂ। ਅਸੀਂ ਜੋਸ਼ੀਲੇ ਸ਼ਹਿਰੀ ਕੇਂਦਰਾਂ ਦਾ ਨਿਰਮਾਣ ਕਰ ਰਹੇ ਹਾਂ ਜੋ ਮੌਕੇ ਪੈਦਾ ਕਰਦੇ ਹਨ ਅਤੇ ਇੱਥੇ ਰਹਿਣ ਅਤੇ ਕੰਮ ਕਰਨ ਵਾਲੇ ਲੋਕਾਂ ਵਿੱਚ ਮਾਣ ਭਰਦੇ ਹਨ। ਅਜਿਹਾ ਜੁੜਿਆ ਹੋਇਆ ਸ਼ਹਿਰ ਬਣਨ ਲਈ ਬ੍ਰੈਂਪਟਨ ਨੂੰ ਅੱਗੇ ਲਿਜਾ ਰਹੇ ਹਾਂ, ਜੋ ਸਭ ਨੂੰ ਸ਼ਾਮਲ ਕਰਨ ਵਾਲਾ, ਬੇਬਾਕ ਅਤੇ ਨਵੀਨਤਾਕਾਰੀ ਹੋਵੇ। ਸਾਨੂੰ Twitter ਅਤੇ Facebook 'ਤੇ ਫਾਲੋ ਕਰੋ। www.brampton.ca 'ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਉਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਉਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca